# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 4-10-2023**

ਰੇਹੜੀ ਫੜੀ ਵਾਲਿਆਂ ਨੂੰ ਆਤਮ-ਨਿਰਭਰ ਬਣਾਉਣ ਲਈ, ਪ੍ਰਧਾਨ ਮੰਤਰੀ ਸਵੈ-ਨਿਧੀ ਪ੍ਰੋਗਰਾਮ ਤਹਿਤ 50 ਲੱਖ ਤੋਂ ਵੱਧ ਲੋਕਾਂ ਨੂੰ ਲਾਭ ਪ੍ਰਦਾਨ ਕਰਕੇ, ਇੱਕ ਇਤਿਹਾਸਕ ਉਪਲਬਧੀ ਹਾਸਲ ਕੀਤੀ ਗਈ ਏ।

ਸਟ੍ਰੀਟ ਵਿਕਰੇਤਾਵਾਂ ਨੇ ਸ਼ਹਿਰੀ ਗੈਰ-ਰਸਮੀ ਆਰਥਿਕਤਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਏ, ਲੋਕਾਂ ਨੂੰ ਜ਼ਰੂਰੀ ਵਸਤਾਂ ਤੇ ਸੇਵਾਵਾਂ ਪ੍ਰਦਾਨ ਕੀਤੀਆਂ ਨੇ। ਆਵਾਸ ਅਤੇ ਸ਼ਹਿਰੀ ਮਾਮਲੇ ਮੰਤਰਾਲੇ ਤਹਿਤ ਇਸ ਪ੍ਰੋਗਰਾਮ ਨੇ ਲਾਭਪਾਤਰੀਆਂ ਨੂੰ ਰਸਮੀ ਆਰਥਿਕ ਦਾਇਰੇ ਵਿੱਚ ਸ਼ਾਮਲ ਕਰਨ ਅਤੇ ਵਿਕਾਸ ਦੇ ਨਵੇਂ ਮੌਕੇ ਪ੍ਰਦਾਨ ਕਰਨ ਵਿੱਚ ਮਦਦ ਕੀਤੀ ਏ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਪ੍ਰੋਗਰਾਮ ਦੀ ਪਹੁੰਚ ਨੂੰ ਵਧਾਉਣ ਦਾ ਟੀਚਾ ਰੱਖਿਆ ਏ। ਮੰਤਰਾਲੇ ਨੇ ਇਸ ਸਾਲ ਪਹਿਲੀ ਜੁਲਾਈ ਤੋਂ ਇਸ ਪ੍ਰੋਗਰਾਮ ਦੇ ਸੋਧੇ ਹੋਏ ਟੀਚੇ ਹਾਸਲ ਕਰਨ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਏ।

ਪ੍ਰਧਾਨ ਮੰਤਰੀ ਸਵਾਨਿਧੀ ਯੋਜਨਾ ਜੂਨ, 2020 ਵਿੱਚ ਸ਼ੁਰੂ ਕੀਤੀ ਗਈ ਸੀ ਅਤੇ ਇਸਦਾ ਮੰਤਵ ਸ਼ਹਿਰੀ ਸਟ੍ਰੀਟ ਵਿਕਰੇਤਾਵਾਂ ਨੂੰ ਮਾਈਕ੍ਰੋ ਕ੍ਰੈਡਿਟ ਪ੍ਰਦਾਨ ਕਰਨਾ

ਏ। ਇਸ ਤਹਿਤ 50 ਹਜ਼ਾਰ ਰੁਪਏ ਤੱਕ ਦਾ ਕਰਜ਼ਾ ਬਿਨਾਂ ਕਿਸੇ ਜ਼ਮਾਨਤ ਦੇ ਦਿੱਤਾ ਜਾਂਦਾ ਏ।

----------------------------------------------------------------

ਦੇਸ਼ ਭਰ ਵਿੱਚ ਕਰੀਬ 8 ਕਰੋੜ 75 ਲੱਖ ਲੋਕਾਂ ਨੇ, ਸਵੱਛਤਾ ਹੀ ਸੇਵਾ ਮੁਹਿੰਮ ਵਿੱਚ ਹਿੱਸਾ ਲਿਆ।

ਕੇਂਦਰੀ ਆਵਾਸ ਅਤੇ ਸ਼ਹਿਰੀ ਮਾਮਲੇ ਮੰਤਰਾਲੇ ਨੇ ਇਹ ਜਾਣਕਾਰੀ ਦਿੱਤੀ ਏ। ਇਸ ਦੌਰਾਨ ਪਹਿਲੀ ਅਕਤੂਬਰ ਨੂੰ ਲੋਕਾਂ ਨੇ "ਏਕ ਤਾਰੀਖ, ਏਕ ਘੰਟਾ, ਏਕ ਸਾਥ" ਮੁਹਿੰਮ ਵਿੱਚ 9 ਲੱਖ ਤੋਂ ਵੱਧ ਥਾਵਾਂ 'ਤੇ ਸ਼੍ਰਮ ਦਾਨ ਕੀਤਾ। ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਲੋਕਾਂ ਦੀ ਇਸ ਸਮੂਹਿਕ ਕਾਰਵਾਈ ਕਾਰਨ ਹਰ ਪਾਸੇ ਸਫ਼ਾਈ ਨਜ਼ਰ ਆ ਰਹੀ ਸੀ। ਸੜਕਾਂ, ਸ਼ਾਹ ਮਾਰਗਾਂ ਤੇ ਟੋਲ ਪਲਾਜ਼ਿਆਂ, ਰੇਲਵੇ ਟਰੈਕਾਂ, ਸਿਹਤ ਸੰਸਥਾਵਾਂ, ਆਂਗਣਵਾੜੀ ਕੇਂਦਰਾਂ, ਸੈਰ-ਸਪਾਟਾ ਥਾਂਵਾਂ, ਰਿਹਾਇਸ਼ੀ ਕਲੋਨੀਆਂ, ਜਲਘਰਾਂ ਅਤੇ ਧਾਰਮਿਕ ਸਥਾਨਾਂ 'ਤੇ ਸਫ਼ਾਈ ਮੁਹਿੰਮ ਚਲਾਈ ਗਈ।

ਕੇਂਦਰ ਸਰਕਾਰ ਦੇ ਮੰਤਰਾਲਿਆਂ ਅਧੀਨ ਵੱਖ-ਵੱਖ ਸੰਸਥਾਵਾਂ ਵਿਲੱਖਣ ਗਤੀਵਿਧੀਆਂ ਨਾਲ ਅੱਗੇ ਆਈਆਂ ਅਤੇ ਕੇਂਦਰੀ ਮੰਤਰੀਆਂ ਨੇ ਵੀ ਵੱਖ-ਵੱਖ ਥਾਵਾਂ 'ਤੇ ਸ਼੍ਰਮਦਾਨਾਂ ਵਿਚ ਹਿੱਸਾ ਲਿਆ। ਸਵੱਛ ਭਾਰਤ ਮਿਸ਼ਨ ਦੇ 9 ਸਾਲਾਂ ਵਿੱਚ ਲੋਕਾਂ ਨੇ ਕਈ ਮੌਕਿਆਂ 'ਤੇ ਅਜਿਹੇ ਸਮੂਹਿਕ ਉਪਰਾਲੇ ਕੀਤੇ ਨੇ।

----------------------------------------------------------------

ਪੰਜਾਬ BJP ਦੇ ਪ੍ਰਧਾਨ ਸੁਨੀਲ ਜਾਖੜ ਨੇ ਨਸ਼ਿਆਂ 'ਤੇ ਕਾਬੂ ਪਾਉਣ 'ਚ ਨਾਕਾਮੀ ਲਈ ਸੂਬਾ ਸਰਕਾਰ ਦੀ ਆਲੋਚਨਾ ਕੀਤੀ ਏ।

ਚੰਡੀਗੜ੍ਹ ਵਿਚ ਕੱਲ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨਾਂ ਸਰਕਾਰ ਵਲੋਂ ਅਦਾਲਤ ਵਿਚ ਦਿੱਤੇ ਹਲਫਨਾਮੇ ਦਾ ਹਵਾਲਾ ਦੀਦਿਆਂ ਕਿਹਾ ਕਿ ਸਰਕਾਰ ਦੇ ਡੇਢ ਸਾਲ 'ਚ 266 ਮੌਤਾਂ ਨਸ਼ੇ ਦੀ ਓਵਰਡੋਜ਼ ਨਾਲ ਹੋਈਆਂ ਨੇ ਜਿਹੜੀਆਂ ਕਿ ਕੌਮੀ ਅਪਰਾਧ ਬਿਊਰੋ ਦੇ ਅੰਕੜਿਆਂ ਅਨੁਸਾਰ 310 ਨੇ।

ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਸਿਰ ਚੜ੍ਹੇ ਕਰਜ਼ੇ ਤੋਂ ਹਰ ਪੰਜਾਬੀ ਨੂੰ ਚਿੰਤਾ ਕਰਨੀ ਚਾਹੀਦੀ ਏ ਅਤੇ ਸਿਹਤਮੰਦ ਪੰਜਾਬ' ਦੇ ਨਾਂ 'ਤੇ ਵੀ ਸਰਕਾਰ ਨੇ ਪੰਜਾਬੀਆਂ ਨਾਲ ਕੋਝਾ ਮਜ਼ਾਕ ਕੀਤਾ ਏ। ਉਨਾਂ ਕਿਹਾ ਕਿ ਮੁਖ ਮੰਤਰੀ ਨੂੰ ਪੰਜਾਬੀਆਂ ਨੇ ਚੁਣਿਆ ਏ ਅਤੇ ਉਨ੍ਹਾਂ ਨੂੰ ਉਦਘਾਟਨਾਂ ਲਈ ਕਿਸੇ ਬਾਹਰੀ ਮੁੱਖ ਮੰਤਰੀ 'ਤੇ ਨਿਰਭਰ ਨਹੀਂ ਹੋਣਾ ਚਾਹੀਦਾ।

--------------------------------------------------------------------

ਬਰਨਾਲਾ ਦੇ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਨੇ ਕਿਹਾ ਏ ਕਿ ਸਰਕਾਰ ਵੱਲੋਂ ਪਿਛਲੇ ਦਿਨੀਂ ਲਾਂਚ 'ਪੀ.ਐੱਮ. ਵਿਸ਼ਵਕਰਮਾ' ਸਕੀਮ ਤਹਿਤ ਜ਼ਿਲ੍ਹੇ ਦੇ ਕਾਰੀਗਰਾਂ ਤੇ ਸ਼ਿਲਪਕਾਰਾਂ ਦੀ ਰਜਿਸਟ੍ਰੇਸ਼ਨ ਕਰਕੇ ਢੁਕਵੀਂ ਸਿਖਲਾਈ ਦਿੱਤੀ ਜਾਵੇਗੀ ਅਤੇ ਉਨ੍ਹਾਂ ਦੇ ਹੁਨਰ ਅਤੇ ਸਵੈ ਰੋਜ਼ਗਾਰ ਨੂੰ ਉਤਸ਼ਾਹਿਤ ਕਰਨ ਵਾਸਤੇ ਘੱਟ ਵਿਆਜ ਦਰਾਂ 'ਤੇ ਕਰਜ਼ਾ ਵੀ ਮੁਹੱਈਆ ਕਰਾਇਆ ਜਾਵੇਗਾ।

ਉਨਾਂ ਕਿਹਾ ਕਿ ਯੋਜਨਾ ਤਹਿਤ, ਰਜਿਸਟ੍ਰੇਸ਼ਨ ਛੇਤੀ ਹੀ ਸ਼ੁਰੂ ਕੀਤੀ ਜਾ ਰਹੀ ਏ ਜਿਸ ਨਾਲ ਨੌਜਵਾਨਾਂ ਨੂੰ ਹੁਨਰ ਦਿੱਤਾ ਜਾਵੇਗਾ ਅਤੇ ਨਾਲ ਹੀ ਅਸਾਨ ਕਿਸ਼ਤਾਂ ਤੇ ਕਰਜ਼ੇ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਜ਼ਿਲੇ ਵਿਚ ਟੇਲਰ, ਕਾਰਪੇਂਟਰ ਅਤੇ ਬਿਯੂਟੀ ਪਾਰਲਰ, ਸਲੂਨ ਸਬੰਧੀ ਕੰਮ ਸਿੱਖਣ ਵਾਲੇ ਨੌਜਵਾਨਾਂ ਦੀ ਬਹੁਤ ਵਡੀ ਗਿਣਤੀ  ਏ।

ਉਨ੍ਹਾਂ ਸਾਰੇ ਸਬੰਧਿਤ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਉਹ ਆਪੋ-ਆਪਣੇ ਅਧਿਕਾਰਿਤ ਖੇਤਰਾਂ ਵਿੱਚ ਲਾਭਪਾਤਰੀਆਂ ਦੀ ਪਛਾਣ ਕਰਨ ਤਾਂ ਜੋ ਰਜਿਸਟ੍ਰੇਸ਼ਨ ਸ਼ੁਰੂ ਹੋਣ 'ਤੇ, ਉਨ੍ਹਾਂ ਨੂੰ ਪਹਿਲ ਦੇ ਤੌਰ ਉੱਤੇ ਰਜਿਸਟਰ ਕੀਤਾ ਜਾ ਸਕੇ।

---------------------------------------------------------------

ਸ਼ਹੀਦ ਭਗਤ ਸਿੰਘ ਨਗਰ ਜ਼ਿਲੇ ਦੇ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ, ਜ਼ਿਲੇ ਦੇ ਪਿੰਡ ਰਤਨਾਣਾ ਨਾਲ ਲੱਗਦੇ ਦਰਿਆ ਵਿਖੇ, ਰੇਡ ਕਰਕੇ ਅਵੈਧ ਖਣਨ ਲਈ ਵਰਤੀਆਂ ਜਾਣ ਵਾਲੀਆਂ 2 ਜੇ.ਸੀ.ਬੀ ਮਸ਼ੀਨਾਂ ਜ਼ਬਤ ਕੀਤੀਆਂ ਨੇ।

ਨਵਾਂਸ਼ਹਿਰ ਵਿਚ ਉਨਾਂ ਦੱਸਿਆ ਕਿ ਰਤਨਾਣਾ ਨਾਲ ਲੱਗਦੇ ਦਰਿਆ ਵਿਖੇ ਰਾਤ ਦੇ ਸਮੇਂ ਅਵੈਧ ਖਣਨ ਦੀ ਸੂਚਨਾ ਮਿਲਣ ਉਪਰੰਤ ਜਦ ਰੇਡ ਕੀਤੀ ਗਈ ਤਾਂ, ਪੰਜ ਫੁੱਟ ਡੂੰਘੀਆਂ ਰੇਤ ਦੀਆਂ ਖੱਡਾ ਮਿਲੀਆ। ਉਨ੍ਹਾਂ ਦੱਸਿਆ ਕਿ ਮਾਈਨਿੰਗ ਮਾਫੀਆ ਵੱਲੋਂ ਇਸ ਰੱਸਤੇ ਤੋਂ ਅਵੈਧ ਮਾਈਟਿੰਗ ਦੀਆਂ ਗੱਡੀਆਂ

ਜਾਂਦੀਆਂ ਸਨ ਉਸ ਜਗ੍ਹਾ ਵਿੱਚ ਵੱਡੇ-ਵਡੇ ਟੋਏ ਪੁੱਟ ਕੇ ਰੱਸਤੇ ਨੂੰ ਬਲਾਕ ਕੀਤਾ ਗਿਆ ਸੀ, ਤਾਂ ਜੋ ਚੈਕਿੰਗ ਕਰਨ ਲਈ ਆਉਣ ਵਾਲੇ ਅਵੈਧ ਖਣਨ ਵਾਲੀ ਥਾਂ 'ਤੇ ਨਾ ਪਹੁੰਚ ਸਕਣ ।

---------------------------------------------------------------------

ਫਤਹਿਗੜ੍ਹ ਸਾਹਿਬ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ, ਅਥਾਰਟੀ ਦੇ ਚੇਅਰਮੈਨ ਜ਼ਿਲ੍ਹਾ ਤੇ ਸੈਸ਼ਨਜ ਜੱਜ ਅਰੁਣ ਗੁਪਤਾ ਦੀ ਅਗਵਾਈ ਹੇਠ, ਨਸ਼ਿਆਂ ਖਿਲਾਫ ਇਕ ਮਹੀਨੇ ਤੱਕ ਚੱਲਣ ਵਾਲੀ ਮੁਹਿੰਮ ਦੀ ਸ਼ੁਰੂਆਤ ਕੀਤੀ ਏ ।

ਅਥਾਰਟੀ ਦੀ ਸਕੱਤਰ ਮਨਪ੍ਰੀਤ ਕੋਰ ਨੇ ਦੱਸਿਆ ਕਿ ਮੁਹਿੰਮ ਤਹਿਤ ਜ਼ਿਲ੍ਹੇ ਦੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾਵੇਗਾ ਅਤੇ ਵੱਖ-ਵੱਖ ਵਿਭਾਗਾਂ ਦੇ ਸਹਿਯੋਗ ਨਾਲ ਪਿੰਡਾਂ, ਸ਼ਹਿਰਾਂ ਦੇ ਵਾਰਡਾਂ ਅਤੇ ਸਕੂਲਾਂ ਤੇ ਕਾਲਜ਼ਾਂ ਵਿੱਚ ਕੈਂਪ ਲਗਾ ਕੇ ਬੱਚਿਆਂ ਤੇ ਨੌਜਵਾਨਾਂ ਨੂੰ ਜਾਗਰੂਕ ਕੀਤਾ ਜਾਵੇਗਾ ।

ਉਨ੍ਹਾਂ ਦੱਸਿਆ ਕਿ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਰੈਲੀਆਂ ਕੀਤੀਆਂ ਜਾਣਗੀਆਂ ਅਤੇ ਅਥਾਰਟੀ ਦੇ ਪੈਨਲ ਵਕੀਲ ਘਰ-ਘਰ ਜਾ ਕੇ ਲੋਕਾਂ ਨੂੰ ਨਸ਼ਿਆਂ ਦੇ ਵਿਰੁੱਧ ਜਾਗਰੂਕ ਕਰਨਗੇ ।

---------------------------------------------------------------------

ਚੀਨ ਦੇ ਹਾਂਗਜ਼ੂ ਵਿੱਚ ਵਿਖੇ ਚਲ ਰਹੀਆਂ ਏਸ਼ਿਆਈ ਖੇਡਾਂ ਵਿੱਚ ਭਾਰਤ ਦਾ ਸ਼ਾਨਦਾਰ ਪ੍ਰਦਰਸ਼ਨ ਜਾਰੀ ਏ। ਭਾਰਤੀ ਜੋੜੀ ਜੋਤੀ ਸੁਰੇਖਾ ਵੇਨਮ ਅਤੇ ਓਜਸ ਦਿਓ-ਤਲੇ ਨੇ ਤੀਰਅੰਦਾਜ਼ੀ ਵਿੱਚ ਅੱਜ ਸੋਨ ਤਗ਼ਮਾ ਜਿੱਤਿਆ।

ਕੰਪਾਊਂਡ ਮਿਕਸਡ ਟੀਮ ਫਾਈਨਲ ਵਿੱਚ ਉਨ੍ਹਾਂ ਕੋਰੀਆ ਗਣਰਾਜ ਨੂੰ ਹਰਾਇਆ। ਇਸ ਤੋਂ ਪਹਿਲਾਂ ਰਾਮ ਬਾਬੂ ਅਤੇ ਮੰਜੂ ਰਾਣੀ ਨੇ 35 ਕਿਲੋਮੀਟਰ ਮਿਕਸਡ ਰਿਲੇਅ ਰੇਸ ਵਾਕ ਵਿੱਚ ਕਾਂਸੀ ਦਾ ਤਗ਼ਮਾ ਜਿਤਿਆ। ਭਾਰਤ ਹੁਣ 16 ਸੋਨ, 26 ਚਾਂਦੀ ਅਤੇ 29 ਕਾਂਸੀ ਦੇ ਤਮਗਿਆਂ ਸਮੇਤ ਕੁੱਲ 71 ਤਮਗਿਆਂ ਨਾਲ ਚੌਥੇ ਸਥਾਨ 'ਤੇ ਬਣਿਆ ਹੋਇਆ ਏ।

ਏਸ਼ਿਆਈ ਖੇਡਾਂ ਦੇ 74 ਸਾਲ ਦੇ ਇਤਿਹਾਸ ਵਿੱਚ ਭਾਰਤ ਦੇ ਇਹ ਹੁਣ ਤਕ ਦਾ ਸਬ ਤੋਂ ਵਧੀਆ ਪ੍ਰਦਰਸ਼ਨ ਏ। ਇਸ ਤੋਂ ਪਹਿਲਾਂ 2018 ਵਿੱਚ ਭਾਰਤ ਨੇ ਜਕਾਰਤਾ ਵਿੱਚ ਹੋਈਆਂ ਖੇਡਾਂ ਵਿੱਚ 70 ਤਗਮੇ ਜਿੱਤੇ ਸਨ।